RESOURCE SHEET

**Canadian Child Care Federation**

*Leaders in Early Learning*

**#91**

# ਪਰਿਵਾਰ ਅਤੇ ਸੇਵਾ ਦਾਤਾ: ਛੋਟੇ ਬੱਚਿਆਂ ਵਿੱਚ ਸਾਂਸਕ੍ਰਿਤਕ ਪਹਿਚਾਣ ਦਾ ਸਮੱਰਥਨ ਕਰਨ ਲਈ ਮਿਲਕੇ ਕੰਮ ਕਰ ਰਹੇ ਹਨ

ਬੱਚਿਆਂ ਦੀ ਪਹਿਚਾਣ ਨਿਰਮਾਣ ਕਰਨ ਵਿੱਚ ਸੰਸਕ੍ਰਿਤੀ ਇੱਕ ਪ੍ਰਮੁੱਖ ਅਧਾਰ ਦਾ ਕੰਮ ਕਰਦੀ ਹੈ। ਘਰ ਦੀ ਸੰਸਕ੍ਰਿਤੀ ਦੇ ਅਨੁਸਾਰ ਅਨੁਭਵ ਪ੍ਰਦਾਨ ਕਰਕੇ, ਉੱਤਮ ਸ਼ੁਰੂਆਤੀ ਵਿਦਿਆ ਅਤੇ ਬੱਚਿਆਂ ਦੀ ਦੇਖਭਾਲ, ਪਹਿਚਾਣ ਦੇ ਵਿਕਾਸ ਵਿੱਚ ਮਦਦ ਕਰਦੀ ਹੈ। ਸੇਵਾ ਦਾਤਾ, ਜੋ ਭਿੰਨ ਦ੍ਰਿਸ਼ਟੀਕੋਣਾਂ ਨੂੰ ਸਮਝ ਸਕਦੇ ਹਨ ਅਤੇ ਦੂਸਰੀ ਸੰਸਕ੍ਰਿਤੀ ਦੇ ਲੋਕਾਂ ਨਾਲ ਭਿੰਨ ਹਲਾਤਾਂ ਵਿੱਚ ਉਚਿਤ ਰੂਪ ਨਾਲ ਮਿਲ-ਜੁਲ ਕੇ ਕੰਮ ਕਰ ਸਕਦੇ ਹਨ – ਅਤੇ ਨਾਲ ਨਾਲ ਪਾਠਕ੍ਰਮ ਜੋ ਵਿਕਾਸ, ਸੰਸਕ੍ਰਿਤੀ ਅਤੇ ਭਾਸ਼ਾ ਦੇ ਮਾਮਲਿਆਂ ਵਿੱਚ ਪ੍ਰਤੀਕਿਰਿਆ ਦਿਖਾਉਂਦਾ ਹੈ, ਇਹ ਵੀ ਇਸ ਵਿੱਚ ਮਦਦ ਕਰਦੇ ਹਨ। ਹੇਠ ਦਿੱਤੇ ਆਪਣੇ ਆਪ ਦਾ ਮੁੱਲਾਂਕਣ ਕਰਨ ਦੇ ਤਰੀਕੇ ਦਾ ਇਸਤਮਾਲ ਕਰਕੇ ਪਤਾ ਲਗਾਵੋ ਕਿ ਤੁਸੀਂ ਅਤੇ ਤੁਹਾਡੇ ਪ੍ਰੋਗਰਾਮ ਕੀ ਠੀਕ ਕਰ ਰਹੇ ਹਨ ਅਤੇ ਕਿਹੜੇ ਖੇਤਰਾਂ ਵਿੱਚ ਸੁਧਾਰ ਦੀ ਜ਼ਰੂਰਤ ਹੈ।

***ਪੜ੍ਹਾਉਣ ਦੇ ਅਜਿਹੇ ਤਰੀਕਿਆਂ ਦੀ ਵਰਤੋਂ ਕਰੋ ਜੋ ਸੰਸਕ੍ਰਿਤੀ ਅਤੇ ਭਾਸ਼ਾ ਲਈ ਉਚਿਤ ਅਤੇ ਪ੍ਰਭਾਵਸ਼ਾਲੀ ਹੋਣ, ਜੋ ਬੱਚੇ ਦੇ ਸਿੱਖਣ ਅਤੇ ਵਿਕਾਸ ਵਿੱਚ ਸਹਾਇਕ ਹੁੰਦੇ ਹਨ***

ਸ਼ੁਰੂਆਤ ਲਈ ਬੱਚਿਆਂ ਦੇ ਪਰਿਵਾਰ ਦੇ ਸਬੰਧ ਵਿੱਚ ਖਾਸ ਸ਼ੁਰੂਆਤੀ ਸਿੱਖਿਆ ਦੀਆਂ ਜ਼ਰੂਰਤਾਂ ਦਾ ਪਤਾ ਕਰੋ ਅਤੇ ਫਿਰ ਪਾਠਕ੍ਰਮ ਅਤੇ ਪ੍ਰੋਗਰਾਮ ਦੀ ਸਿੱਖਿਆ ਵਿਧੀ ਦੀ ਯੋਜਨਾ ਕਰਨ ਵੇਲੇ ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰੱਖੋ

| ਸੇਵਾ ਦਾਤਾ | ਤਰੀਕੇ ਜਿੰਨ੍ਹਾਂ ਨਾਲ ਇਹ ਚੰਗੀ ਤਰ੍ਹਾਂ ਹੁੰਦਾ ਹੈ | ਜਿੰਨ੍ਹਾਂ ਨਾਲ ਇਹਨਾਂ ਵਿੱਚ ਸੁਧਾਰ ਹੋ ਸਕਦਾ ਹੈ |
|---|---|---|
| ਬੱਚਿਆਂ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਉਤਸ਼ਾਹ ਦੇਵੋ ਕਿ ਉਹ ਆਪਣੀ ਸੰਸਕ੍ਰਿਤੀ ਅਤੇ ਜੀਵਨ ਪ੍ਰਣਾਲੀ ਦੀਆਂ ਗੱਲਾਂ ਦੂਜੇ ਬੱਚਿਆਂ ਨਾਲ ਸਾਂਝੀਆਂ ਕਰਨ। | | |
| ਬੱਚੇ ਦੀ ਸੰਸਕ੍ਰਿਤੀ ਅਤੇ ਉਸ ਦੀ ਸੰਸਕ੍ਰਿਤੀ ਵਿੱਚ ਸ਼ਾਮਲ ਕਦਰਾਂ-ਕੀਮਤਾਂ ਅਤੇ ਧਾਰਨਾਵਾਂ ਨੂੰ ਸਮਝੋ। | | |
| ਬੱਚੇ ਦੀ ਪਹਿਲੀ ਭਾਸ਼ਾ ਦੇ ਮੁੱਖ ਸ਼ਬਦ ਸਿੱਖੋ। | | |
| ਉਸ ਦੇ ਘਰ ਦੀਆਂ ਭਾਸ਼ਾਵਾਂ ਵਿੱਚ ਛਪੀਆਂ ਹੋਈਆਂ ਕਿਤਾਬਾਂ, ਛਪੀ ਹੋਈ ਸਮਗਰੀ ਅਤੇ ਹੋਰ ਚੀਜ਼ਾਂ ਪ੍ਰਦਾਨ ਕਰਕੇ ਸਿੱਖਣ ਦਾ ਅਜਿਹਾ ਵਾਤਾਵਰਨ ਪੇਸ਼ ਕਰੋ ਜੋ ਭਾਸ਼ਾ ਅਤੇ ਸਾਖਰਤਾ ਸਿੱਖਣ ਲਈ ਪਰੇਰਨਾ ਦੇਵੇ ਅਤੇ ਅਨੇਕਤਾ ਨੂੰ ਬਿਨਾ ਭੇਦ-ਭਾਵ ਵਾਲੇ ਤਰੀਕਿਆਂ ਨਾਲ ਪ੍ਰਤੀਬਿੰਬਤ ਕਰੇ। | | |
| ਇਸ ਗਲ ਨੂੰ ਜਾਣੋ ਕਿ ਹੋ ਸਕਦਾ ਹੈ ਕਿ ਬੱਚੇ ਜਟਿਲ ਤਬਦੀਲੀਆਂ ਦਾ ਸਾਹਮਣਾ ਕਰ ਰਹੇ ਹੋਣ। | | |
| ਪਰਿਵਾਰ ਦੇ ਭੋਜਨ ਦੇ ਤੌਰ ਤਰੀਕਿਆਂ ਦੇ ਬਾਰੇ ਗਿਆਨ ਹਾਸਲ ਕਰੋ। | | |
| ਕਿਰਿਆਸ਼ੀਲ ਹੋ ਕੇ ਅਜਿਹੇ ਰੀਤੀ-ਰਿਵਾਜਾਂ, ਪਾਠਕ੍ਰਮਾਂ, ਤੌਰ ਤਰੀਕਿਆਂ ਜਾਂ ਸਮਗਰੀ ਦੀ ਖੋਜ ਕਰੋ ਜੋ ਭਾਸ਼ਾ, ਜਾਤੀ, ਧਰਮ ਜਾਂ ਸੰਸਕ੍ਰਿਤੀ ਦੇ ਪ੍ਰਤੀ ਅਪਮਾਨਜਨਕ ਭੇਦਭਾਵ ਦਰਸ਼ਾਉਂਦੀ ਹੋਵੇ ਅਤੇ ਫਿਰ ਉਹਨਾਂ ਦੇ ਵਿਰੁੱਧ ਕਦਮ ਉਠਾਵੋ। | | |

***ਅਨੇਕ ਰੂਪੀ ਪਰਿਵਾਰਾਂ ਦੀਆਂ ਜ਼ਰੂਰਤਾਂ ਅਨੁਸਾਰ ਪ੍ਰੋਗਰਾਮਾਂ ਦੀ ਵਰਤੋਂ ਕਰੋ।***

ਆਪਣੀ ਦੇਖਭਾਲ ਦੇ ਅਧੀਨ ਸਾਰੇ ਬੱਚਿਆਂ ਦੀਆਂ ਘਰੇਲੂ ਭਾਸ਼ਾਵਾਂ ਅਤੇ ਸੰਸਕ੍ਰਿਤੀਆਂ ਦਾ ਆਦਰ ਕਰੋ ਅਤੇ ਭਿੰਨ ਭਾਸ਼ਾਵਾਂ ਅਤੇ ਸੰਸਕ੍ਰਿਤੀਆਂ ਨੂੰ ਆਪਣੇ ਦੈਨਿਕ ਪਾਠਕ੍ਰਮ ਵਿੱਚ ਅਰਥ-ਪੂਰਣ ਢੰਗ ਨਾਲ ਅਪਨਾਉਣ ਦੇ ਰਸਤਿਆਂ ਦੀ ਭਾਲ ਕਰੋ। ਸ਼ੁਰੂਆਤੀ ਸਿੱਖਿਆ ਦੇ ਪ੍ਰੋਗਰਾਮਾਂ ਅਤੇ ਸਮਗਰੀ ਨੂੰ ਬਣਾਉਣ ਅਤੇ ਵਿਕਸਤ ਕਰਨ ਵਿੱਚ ਪਰਿਵਾਰਾਂ ਦੇ ਵਿਚਾਰਾਂ ਨੂੰ ਸ਼ਾਮਲ ਕਰੋ।

| ਸੇਵਾ ਦਾਤਾ | ਤਰੀਕੇ ਜਿੰਨ੍ਹਾਂ ਨਾਲ ਇਹ ਚੰਗੀ ਤਰ੍ਹਾਂ ਹੁੰਦਾ ਹੈ | ਜਿੰਨ੍ਹਾਂ ਨਾਲ ਇਹਨਾਂ ਵਿੱਚ ਸੁਧਾਰ ਹੋ ਸਕਦਾ ਹੈ |
|---|---|---|
| ਪ੍ਰੋਗਰਾਮਾਂ ਵਿੱਚ ਨਵੇਂ ਆਉਣ ਵਾਲਿਆਂ ਨੂੰ ਸ਼ਾਮਲ ਕਰਨ ਲਈ ਅਤਿਰਿਕਤ ਕੋਸ਼ਿਸ਼ ਕਰੋ। | | |
| ਭਿੰਨ ਭਿੰਨ ਪਿੱਠ-ਭੂਮੀਆਂ ਤੋਂ ਆਉਣ ਵਾਲੇ ਪਰਿਵਾਰਾਂ ਦੇ ਬੱਚਿਆਂ ਦੇ ਪਾਲਣ ਪੋਸ਼ਣ ਦੇ ਰੀਤੀ ਰਿਵਾਜਾਂ ਦਾ ਗਿਆਨ ਹਾਸਲ ਕਰਨ ਦੇ ਮੌਕੇ ਪੈਦਾ ਕਰੋ। | | |
| ਢੁਕਵੇਂ ਸੇਵਾ ਸਾਧਨ ਬਾਰੇ ਜਾਣਕਾਰੀ ਪ੍ਰਦਾਨ ਕਰੋ। | | |
| ਉਹਨਾਂ ਦੀ ਪਹਿਲੀ ਭਾਸ਼ਾ ਵਿੱਚ ਜਾਣਕਾਰੀ ਪ੍ਰਦਾਨ ਕਰੋ। | | |
| ਛੋਟੇ ਬੱਚਿਆਂ ਵਾਲੇ ਪਰਿਵਾਰਾਂ ਦੇ ਵਿੱਚ ਅਨੁਪਚਾਰਕ ਸਮਾਜਕ ਨੈਟਵਰਕ ਦੇ ਵਿਕਾਸ ਦਾ ਸਮੱਰਥਨ ਕਰੋ। | | |
| ਕਿਉਂ ਕਿ ਕਈ ਬੱਚੇ, ਨਵੇਂ ਆਉਣ ਵਾਲੇ ਪਰਿਵਾਰਾਂ ਵਿੱਚ ਰਹਿੰਦੇ ਹਨ, ਪਰਵਾਸ ਸਬੰਧੀ ਅਨੁਭਵਾਂ ਦੀ ਜਾਣਕਾਰੀ ਇਕੱਠੀ ਕਰੋ। | | |

***ਸਾਂਸਕ੍ਰਿਤਕ ਰੂਪ ਨਾਲ ਯੋਗ ਕਰਮਚਾਰੀ ਵਧਾਵੋ।***

ਸਾਂਸਕ੍ਰਿਤਕ ਰੂਪ ਨਾਲ ਯੋਗ ਕਰਮਚਾਰੀਆਂ ਨੂੰ ਨੌਕਰੀ ਦੇਵੋ ਅਤੇ ਉਹਨਾਂ ਦਾ ਸਮੱਰਥਨ ਕਰੋ। ਇਮੀਗ੍ਰੇਂਟ ਅਤੇ ਅਲਪ ਸੰਖਿਅਕ ਭਾਸ਼ਾ ਦੇ ਸਮਾਜਾਂ ਵਿੱਚੋਂ ਯੋਗ ਸੇਵਾ ਦਾਤਾਵਾਂ ਨੂੰ ਨੌਕਰੀ ’ਤੇ ਰੱਖੋ ਅਤੇ ਉਹਨਾਂ ਨੂੰ ਯੋਗ ਤਨਖਾਹ ਦੇਵੋ, ਅਤੇ ਨਾਲ ਨਾਲ ਅਨੇਕ ਰੂਪੀ ਪਰਿਵਾਰਾਂ ਨਾਲ ਮਿਲ-ਜੁਲ ਕੇ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਸੰਸਕ੍ਰਿਤੀ ਦੇ ਅਨੁਸਾਰ ਟ੍ਰੇਨਿੰਗ ਵਿੱਚ ਵਾਧਾ ਕਰੋ। ਵਰਤਮਾਨ ਕਰਮਚਾਰੀਆਂ ਦੇ ਪ੍ਰੋਫੈਸ਼ਨਲ ਡੈਵਲਪਮੈਂਟ ਮਿਆਰਾਂ ਵਿੱਚ ਸੰਸਕ੍ਰਿਤੀ ਦੇ ਪ੍ਰਤੀ ਸੰਵੇਦਨਸ਼ੀਲ ਟ੍ਰੇਨਿੰਗ ਅਤੇ ਦੂਜੀ ਭਾਸ਼ਾ ਸਿੱਖਣ ਦੇ ਤਰੀਕੇ ਉਪਲਬਧ ਹੋਣੇ ਚਾਹੀਦੇ ਹਨ।

| **ਡਾਏਰੈਕਟਰ/ਕਰਮਚਾਰੀ** | **ਤਰੀਕੇ ਜਿੰਨ੍ਹਾਂ ਨਾਲ ਇਹ ਚੰਗੀ ਤਰ੍ਹਾਂ ਹੁੰਦਾ ਹੈ** | **ਜਿੰਨ੍ਹਾਂ ਨਾਲ ਇਹਨਾਂ ਵਿੱਚ ਸੁਧਾਰ ਹੋ ਸਕਦਾ ਹੈ** |
|---|---|---|
| ਲਿੰਗ, ਨਸਲ, ਸੰਸਕ੍ਰਿਤੀ ਅਤੇ ਭਾਸ਼ਾ ਦੀ ਵਿਭਿੰਨਤਾ ਨੂੰ ਪ੍ਰਤੀਬਿੰਬਤ ਕਰਨ ਵਾਲੇ ਸੇਵਾ ਦਾਤਾਵਾਂ ਨੂੰ ਕਿਰਿਆਸ਼ੀਲ ਹੋ ਕੇ ਨੌਕਰੀ ’ਤੇ ਰੱਖੋ। | | |
| ਬੱਚੇ ਦੀ ਘਰੇਲੂ ਭਾਸ਼ਾ ਦਾ ਸਮੱਰਥਨ ਕਰੋ। | | |
| ਇੱਕ ਤੋਂ ਵੱਧ ਸੰਸਕ੍ਰਿਤੀਆਂ ਬਾਰੇ ਗਿਆਨ ਹਾਸਲ ਕਰੋ। | | |
| ਸੇਵਾ ਦਾਤਾਵਾਂ ਨੂੰ ਉਹਨਾਂ ਦੀਆਂ ਆਪਣੀਆਂ ਧਾਰਨਾਵਾਂ ਦੇ ਬਾਰੇ ਦੁਬਾਰਾ ਵਿਚਾਰ ਕਰਨ ਅਤੇ ਉਹਨਾਂ ਦੀ ਆਪਣੀ ਸਾਂਸਕ੍ਰਿਤਕ ਪਿੱਠ-ਭੂਮੀ ਤੋਂ ਭਿੰਨ ਦੂਜੇ ਲੋਕਾਂ ਦੀਆਂ ਨਜ਼ਰਾਂ ਤੋਂ ਜੀਵਨ ਦੇ ਮੁੱਦਿਆਂ ਨੂੰ ਦੇਖਣ ਦਾ ਮੌਕਾ ਪ੍ਰਦਾਨ ਕਰੋ। | | |
| ਜਿਹੜੇ ਸਮਾਜਾਂ ਨੂੰ ਸੇਵਾ ਪ੍ਰਦਾਨ ਕਰ ਰਹੇ ਹੋ ਉਹਨਾਂ ਦੇ ਸਮਾਜਕ - ਸਾਂਸਕ੍ਰਿਤਕ ਅਤੇ ਆਰਥਕ ਮੁੱਦਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰੋ। | | |

***ਵਿਆਪਕ ਸੇਵਾਵਾਂ ਨੂੰ ਪ੍ਰਾਪਤ ਕਰਨ ਦੇ ਰਸਤੇ ਪ੍ਰਦਾਨ ਕਰੋ।***

ਵਿਆਪਕ ਸੇਵਾ ਤੱਕ ਪਹੁੰਚਣ ਦਾ ਗਿਆਨ ਅਨੇਕ ਰੂਪੀ ਪਰਿਵਾਰਾਂ ਨੂੰ ਸੇਵਾ ਪ੍ਰਦਾਨ ਕਰਨ ਵਾਲੇ ਬੱਚਿਆਂ ਦੀ ਸ਼ੁਰੂਆਤੀ ਸਿੱਖਿਆ ਦੇ ਪ੍ਰੋਗਰਾਮਾਂ ਦਾ ਇੱਕ ਮਹੱਤਵਪੂਰਨ ਭਾਗ ਹੈ। ਤੁਸੀਂ, ਜਿਸ ਨੇ ਇਹਨਾਂ ਪਰਿਵਾਰਾਂ ਨਾਲ ਇੱਕ ਵਿਸ਼ਵਾਸ ਕਾਇਮ ਕਰ ਲਿਆ ਹੈ, ਉਹਨਾਂ ਨੂੰ ਸੇਵਾਵਾਂ ਤੱਕ ਪਹੁੰਚਣ ਵਿੱਚ ਚੰਗੇ ਮਦਦਗਾਰ ਹੋ ਸਕਦੇ ਹੋ, ਜਿੰਨ੍ਹਾਂ ਵਿੱਚ ਬੱਚਿਆਂ ਦੇ ਪਾਲਣ-ਪੋਸ਼ਣ ਲਈ ਮਾਤਾ ਪਿਤਾ ਦੀ ਸਿੱਖਿਆ ਅਤੇ ਈ.ਐਸ.ਐਲ. ਕਲਾਸਾਂ ਸ਼ਾਮਲ ਹਨ। ਕੁੱਛ ਨਵੇਂ ਆਉਣ ਵਾਲੇ ਸਮੂਹ ਅਜਿਹੀਆਂ ਗਤੀਵਿਧੀਆਂ ਜ਼ਿਆਦਾ ਪਸੰਦ ਕਰਦੇ ਹਨ ਜੋ ਮਾਤਾ ਪਿਤਾ ਅਤੇ ਬੱਚਿਆਂ ’ਤੇ ਇਕੱਠੀਆਂ ਕੇਂਦਰਿਤ ਹੁੰਦੀਆਂ ਹਨ। ਸਮਾਜ ਦੀਆਂ ਸੇਵਾਵਾਂ, ਭਾਸ਼ਾ ਅਤੇ ਸੰਸਕ੍ਰਿਤੀ ਦੇ ਅਨੁਸਾਰ ਅਤੇ ਇਹਨਾਂ ਪਰਿਵਾਰਾਂ ਦੇ ਨਿਵਾਸ ਦੇ ਨਜ਼ਦੀਕ ਅਸਾਨੀ ਨਾਲ ਉਪਲਬਧ ਹੋਣੀਆ ਚਾਹੀਦੀਆਂ ਹਨ।

| **ਪ੍ਰੋਗਰਾਮ** | **ਤਰੀਕੇ ਜਿੰਨ੍ਹਾਂ ਨਾਲ ਇਹ ਚੰਗੀ ਤਰ੍ਹਾਂ ਹੁੰਦਾ ਹੈ** | **ਜਿੰਨ੍ਹਾਂ ਨਾਲ ਇਹਨਾਂ ਵਿੱਚ ਸੁਧਾਰ ਹੋ ਸਕਦਾ ਹੈ** |
|---|---|---|
| ਬੱਚਿਆਂ ਦੇ ਸਮਾਜ ਨਾਲ ਸਬੰਧ ਸਥਾਪਤ ਕਰਦਾ ਹੈ ਅਤੇ ਉਹਨਾਂ ਦੇ ਸੇਵਾ ਸਾਧਨ ਇਸਤਮਾਲ ਕਰਦਾ ਹੈ। | | |
| ਪਰਿਵਾਰਾਂ ਨੂੰ ਜ਼ਰੂਰੀ ਸੇਵਾ ਸਾਧਨਾਵਾਂ ਨਾਲ ਜੁੜਨ ਵਿੱਚ ਸਹਾਇਤਾ ਕਰਦਾ ਹੈ ਤਾਂ ਕਿ ਹਰ ਬੱਚੇ ਦਾ ਮਜ਼ਬੂਤ ਵਿਕਾਸ ਅਤੇ ਸਿੱਖਿਆ ਪੂਰੀ ਹੋ ਸਕੇ। | | |
| ਸਾਖਰਤਾ ਦਾ ਅਨੁਭਵ ਮਾਤਾ ਪਿਤਾ ਤੋਂ ਪਰਿਵਾਰ ਤੱਕ ਪਹੁੰਚਾਉਣ ਵਿੱਚ ਸਹਾਇਕ ਹੁੰਦਾ ਹੈ। | | |

***ਪ੍ਰਕਿਰਤੀ ਮੁੱਲਾਂਕਣ ਪ੍ਰਣਾਲੀ (ਕਵਾਲਟੀ ਰੇਟਿੰਗ ਸਿਸਟਮ - ਕਿਊ.ਆਰ.ਐਸ.)***

ਪ੍ਰੋਗਰਾਮ, ਇਹਨਾਂ ਮੁੱਲਾਂਕਣ ਕਰਨ ਦੇ ਤਰੀਕਿਆਂ ਦੀ ਵਰਤੋਂ ਕਰਕੇ ਬੱਚਿਆਂ ਦੀ ਸ਼ੁਰੂਆਤੀ ਸਿੱਖਿਆ ਦੇ ਪ੍ਰੋਗਰਾਮਾਂ ਵਿੱਚ ਨਵੀਂ ਮਿਆਰ ਸ਼ਾਮਲ ਕਰਦਾ ਹੈ ਤਾਂ ਕਿ ਸੰਸਕ੍ਰਿਤੀ ਦੇ ਲਈ ਯੋਗ ਸੇਵਾ ਦਾਤਾਵਾਂ ਨੂੰ ਨੌਕਰੀ ਦੇਣ ਵਿੱਚ ਵਾਧਾ ਕੀਤਾ ਜਾ ਸਕੇ, ਸੰਸਕ੍ਰਿਤੀ ਅਨੁਸਾਰ ਮਿਆਰ ਅਤੇ ਰੀਤੀ ਰਿਵਾਜਾਂ ਦਾ ਨਿਰਮਾਣ ਕੀਤਾ ਜਾ ਸਕੇ ਅਤੇ ਉਹਨਾਂ ਨੂੰ ਲਾਗੂ ਕੀਤਾ ਜਾ ਸਕੇ, ਅਤੇ ਇਹਨਾਂ ਲਕਸ਼ਾਂ ਦੀ ਪੂਰਤੀ ਵਿੱਚ ਮਦਦ ਲਈ ਉਹਨਾਂ ਨੂੰ ਆਰਥਕ ਸਹਾਇਤਾ ਦਿੱਤੀ ਜਾ ਸਕੇ। ਇਸ ਤੋਂ ਇਲਾਵਾ, ਇਹਨਾਂ ਮਿਆਰਾਂ ਦੇ ਉਪਯੋਗ ਤੋਂ ਇਹਨਾਂ ਉੱਚ ਪੱਧਰ ਦੇ ਪ੍ਰੋਗਰਾਮਾਂ ਬਾਰੇ ਮਾਤਾ ਪਿਤਾ ਅਤੇ ਹੋਰ ਸਮੱਰਥਕਾਂ ਨੂੰ ਸਿੱਖਿਆ ਅਤੇ ਜਾਣਕਾਰੀ ਦਿੱਤੀ ਜਾ ਸਕੇ।

| **ਪ੍ਰੋਗਰਾਮ** | **ਤਰੀਕੇ ਜਿੰਨ੍ਹਾਂ ਨਾਲ ਇਹ ਚੰਗੀ ਤਰ੍ਹਾਂ ਹੁੰਦਾ ਹੈ** | **ਜਿੰਨ੍ਹਾਂ ਨਾਲ ਇਹਨਾਂ ਵਿੱਚ ਸੁਧਾਰ ਹੋ ਸਕਦਾ ਹੈ** |
|---|---|---|
| ਆਪਣੇ ਸਿਧਾਂਤਾਂ ਦਾ ਨਿਯਮਿਤ ਰੂਪ ਨਾਲ ਮੁੱਲਾਂਕਣ ਕਰਦੀ ਹੈ, ਇਹ ਨਿਸ਼ਚਿਤ ਕਰਨ ਲਈ ਕਿ ਉਹ ਸਾਂਝੀਆਂ ਕਦਰਾਂ ਕੀਮਤਾਂ ਅਤੇ ਮਨਪਸੰਦ ਰੀਤੀ ਰਿਵਾਜਾਂ ਅਤੇ ਬਾਲ ਵਿਕਾਸ ਦੀ ਛਾਣਬੀਣ ਬਾਰੇ ਵਰਤਮਾਨ ਵਿਚਾਰਧਾਰਾ ਨੂੰ ਪ੍ਰਤੀਬਿੰਬਤ ਕਰਦੇ ਹਨ। | | |
| ਨਿਯਮਿਤ ਰੂਪ ਨਾਲ ਅਜਿਹੇ ਤਰੀਕਿਆਂ ਨਾਲ ਉਸਦੀ ਪ੍ਰਕਿਰਤੀ ਅਤੇ ਪ੍ਰਭਾਵ ਦਾ ਮੁੱਲਾਂਕਣ ਕਰਦੀ ਹੈ ਜੋ ਉਸਦੀਆਂ ਮਜ਼ਬੂਤੀਆਂ ਨੂੰ ਦੱਸਦੀ ਹੈ ਅਤੇ ਸੁਧਾਰ ਦੇ ਖੇਤਰਾਂ ਦੀ ਜਾਣਕਾਰੀ ਵੀ ਦਿੰਦੀ ਹੈ। | | |
| ਕੰਮ-ਕਾਜ ਦੇ ਮੁੱਲਾਂਕਣ ਦੀ ਵਿਧੀ ਦਾ ਉਪਯੋਗ ਕਰਦੀ ਹੈ ਜਿਸ ਵਿੱਚ ਡਾਏਰੇਕਟਰ, ਹਰੇਕ ਕਰਮਚਾਰੀ ਦਾ ਅਲਗ ਅਲਗ ਨਿਰੀਖਣ ਕਰਦੇ ਹਨ, ਅਤੇ ਫਿਰ ਅਲਗ ਅਲਗ ਸੇਵਾ-ਦਾਤਿਆਂ ਨਾਲ ਉਹਨਾਂ ’ਤੇ ਸੋਚ ਵਿਚਾਰ ਅਤੇ ਗੱਲਬਾਤ ਕਰਦੇ ਹਨ ਜਿਸ ਵਿੱਚ ਉਹਨਾਂ ਦੇ ਮਜ਼ਬੂਤੀ ਦੇ ਖੇਤਰਾਂ ਨੂੰ ਸਵੀਕਾਰਦੇ ਹਨ ਅਤੇ ਸੁਧਾਰ ਦੇ ਵਿਸ਼ੇਸ਼ ਤਰੀਕੇ ਦੱਸਦੇ ਹਨ। | | |

*Prepared by Karen Chandler for the Canadian Child Care Federation. Permission is not required to make photocopies for public education purposes. Photocopies may not be sold. To purchase this resource sheet, contact the Canadian Child Care Federation, 201-383 Parkdale Ave., Ottawa, Ontario, K1Y 4R4. Phone (613) 729-5289 or 1 800 858-1412. Fax (613) 729-3159. Email info@cccf-fcsge.ca. Website www.cccf-fcsge.ca. © CCCF 2008.*